ਗੁਰੂ ਨਾਨਕ - ਸਬਦ ੨੫

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੫

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਸਾਰ: ਸਭ ਤੋਂ ਕੀਮਤੀ ਗੁਣ ਸੱਚਾਈ ਨੂੰ ਅਮਲੀ ਰੂਪ ਵਿੱਚ ਕਮਾਉਣਾ ਹੈ। ਮਨੁੱਖ ਕੇਵਲ ਅਧਿਆਤਮਿਕ ਰਹਿਬਰਾਂ ਦੇ ਉਸਾਰੂ ਗੁਣਾਂ ਨੂੰ ਮੂੰਹ ਜ਼ੁਬਾਨੀ ਦੁਹਰਾਉਣ ਅਤੇ ਮਨਾਉਣ ਦੇ ਦਿਖਾਵੇ ਵਿੱਚ ਫਸ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਮਹਾਨ ਵਿਚਾਰਧਾਰਾਵਾਂ ਨੂੰ ਲਾਗੂ ਕਰਨ ਦੇ ਤੱਤ ਅਤੇ ਮਹੱਤਵ ਨੂੰ ਭੁੱਲ ਜਾਂਦਾ ਹੈ।

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਕੋਈ ਗੁਣਾਂ ਨੂੰ ਵਾਰ-ਵਾਰ ਸਿਰਫ਼ ਉਚਾਰਨ ਜਾਂ ਵਡਿਆਉਣ ਨਾਲ ਇਨ੍ਹਾਂ ਦੀ ਸੂਝ ਪ੍ਰਾਪਤ ਨਹੀਂ ਕਰ ਸਕਦਾ।

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
ਸਾਗਰ ਵਿੱਚ ਸਮਾਉਣ ਵਾਲੀਆਂ ਨਦੀਆਂ ਇਸਦੀ ਵਿਸ਼ਾਲਤਾ ਤੋਂ ਅਣਜਾਣ ਹਨ।

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
ਰਾਜਿਆਂ-ਮਹਾਰਾਜਿਆਂ ਦੀ ਬੇਅੰਤ ਦੌਲਤ,

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥
ਦੀ ਕੀਮਤ ਤਿਲ ਮਾਤਰ ਵੀ ਨਹੀਂ ਹੈ, ਉਹਨਾਂ ਦੀ ਤੁਲਨਾ ਵਿੱਚ ਜੋ ਸਰਬ-ਵਿਆਪਕ ਚੇਤਨਾ ਦੇ ਅੰਤਰ-ਸੰਬੰਧ ਨੂੰ ਨਹੀਂ ਭੁੱਲਦੇ। (੨੩)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਗੁਣ, ਸ਼ਕਤੀ, ਨਿਮਰਤਾ ਅਤੇ ਦੌਲਤ ਸਰਬ-ਵਿਆਪਕ ਚੇਤਨਾ ਦੇ ਅੰਤਰ-ਸੰਬੰਧੀ ਵਿਸ਼ਵ-ਵਿਆਪੀ ਸੱਚ ਨੂੰ ਯਾਦ ਕਰਨ ਅਤੇ ਉਸ ਦੀ ਵਡਿਆਈ ਕਰਨ ਵਿੱਚ ਨਿਵਾਸ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**